Washington State Health Care Authority

# Apple Health ਐਕਸਪੈਂਸ਼ਨ ਜੁਲਾਈ 2024 ਵਿੱਚ ਆ ਰਿਹਾ ਹੈ

## Apple Health ਐਕਸਪੈਂਸ਼ਨ ਕੀ ਹੈ?

2022 ਦਾ ਪੂਰਕ ਬਜਟ ਸਿਹਤ-ਸੰਭਾਲ ਅਥਾੱਰਿਟੀ (HCA) ਨੂੰ ਆਦੇਸ਼ ਦਿੰਦਾ ਹੈ ਕਿ ਉਹ ਇੱਕ ਅਜਿਹਾ ਮੈਡੀਕਲ ਸਹਾਇਤਾ ਪ੍ਰੋਗਰਾਮ ਤਿਆਰ ਕਰੇ, ਜਿਸ ਰਾਹੀਂ ਬਿਨਾ ਬੀਮੇ ਵਾਲੀ ਫ਼ੈਡਰਲ ਸਹਾਇਤਾ ਵਾਸਤੇ ਇਮੀਗ੍ਰੇਸ਼ਨ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਬਾਲਗ਼ਾਂ ਨੂੰ Medicaid ਵਰਗੀ ਹੀ ਸਿਹਤ-ਸੰਭਾਲ ਕਵਰੇਜ ਉਪਲਬਧ ਕਰਾਈ ਜਾਏਗੀ।

## ਇਸ ਲਈ ਕੌਣ ਯੋਗ ਹੈ?

ਤੁਸੀਂ ਇਸ ਪ੍ਰੋਗਰਾਮ ਲਈ ਹੱਕਦਾਰ ਹੋ ਸਕਦੇ ਹੋ, ਜੇ ਤੁਸੀਂ:

- 19 ਸਾਲ ਜਾਂ ਵੱਧ ਉਮਰ ਦੇ ਵਾੱਸ਼ਿੰਗਟਨ ਦੇ ਵਸਨੀਕ ਹੋ,
- ਹਿਸਾਬ ਲਾਉਣ ਵਾਲੀ ਆਮਦਨ ਫ਼ੈਡਰਲ ਗ਼ਰੀਬੀ ਪੱਧਰ 138% ਤੋਂ ਘੱਟ ਹੈ,
- ਇਮੀਗ੍ਰੇਸ਼ਨ ਦੇ ਦਰਜੇ ਦੇ ਅਧਾਰ 'ਤੇ ਹੋਰਨਾਂ Apple Health ਪ੍ਰੋਗਰਾਮਾਂ ਲਈ ਯੋਗ ਨਹੀਂ ਹੋ
    - ਉਹ ਪ੍ਰਵਾਸੀ ਜਿਨ੍ਹਾਂ ਨੇ Apple Health ਲਈ ਯੋਗ ਬਣਨ ਵਾਸਤੇ ਪੰਜ ਸਾਲਾਂ ਦੀ ਉਡੀਕ ਦੀ ਮਿਆਦ ਪੂਰੀ ਨਹੀਂ ਕੀਤੀ ਹੈ, ਉਹ Apple Health ਐਕਸਪੈਂਸ਼ਨ ਲਈ ਯੋਗ ਨਹੀਂ ਹਨ।
- ਗਰਭਵਤੀ ਨਹੀਂ ਹੋ ਜਾਂ ਪਿਛਲੇ 12 ਮਹੀਨਿਆਂ ਵਿੱਚ ਗਰਭ-ਅਵਸਥਾ ਖ਼ਤਮ ਨਹੀਂ ਹੋਈ, ਅਤੇ
- ਅਗਾਊਂ ਪ੍ਰੀਮੀਅਮ ਟੈਕਸ ਕ੍ਰੈਡਿਟਾਂ (APTC) ਵਾਲੇ ਯੋਗਤਾਪ੍ਰਾਪਤ ਸਿਹਤ ਪਲਾਨਾਂਜਾਂ ਫ਼ੈਡਰਲ ਤੌਰ 'ਤੇ ਪ੍ਰਾਪਤ ਰਕਮਾਂ ਵਾਲੇ ਸਹਾਇਤਾ ਪ੍ਰੋਗਰਾਮਾਂ ਲਈ ਯੋਗ ਨਹੀਂ ਹੋ

ਹੋਰਨਾਂ Apple Health ਪ੍ਰੋਗਰਾਮਾਂ ਲਈ ਯੋਗਤਾ ਬਾਰੇ hca.wa.gov/apple health-eligibility'ਤੇ ਜਾਣੋ।

### ਆਮਦਨ ਦੇ ਮਿਆਰ

| ਘਰ ਵਿਚਲੇ ਮੈਂਬਰ | 1 | 2 | 3 | 4 | 5 |
|---|---|---|---|---|---|
| ਮਹੀਨੇਵਾਰ ਆਮਦਨ | $1,732 | $2,351 | $2,969 | $3,588 | $4,207 |
| **ਘਰ ਵਿਚਲੇ ਮੈਂਬਰ** | **6** | **7** | **8** | **9** | **10** |
| ਮਹੀਨੇਵਾਰ ਆਮਦਨ | $4,825 | $5,444 | $6,063 | $6,682 | $7,300 |

*ਅਪ੍ਰੈਲ 2024 ਮਿਆਰਾਂ 'ਤੇ ਅਧਾਰਿਤ। ਸਲਾਨਾ ਤੌਰ 'ਤੇ ਮਿਆਰ ਬਦਲ ਸਕਦਾ ਹੈ।

## ਮੈਂ ਕਦੋਂ ਅਪਲਾਈ ਕਰ ਸਕਦਾ/ਸਕਦੀ ਹਾਂ?

ਤੁਸੀਂ Apple Health ਐਕਸਪੈਂਸ਼ਨ ਬਸੰਤ 2024 ਲਈ ਅਪਲਾਈ ਕਰਨਾ ਸ਼ੁਰੂ ਕਰ ਸਕਦੇ ਹੋ।

## ਕਵਰੇਜ ਕਦੋਂ ਸ਼ੁਰੂ ਹੁੰਦੀ ਹੈ?

Apple Health ਐਕਸਪੈਂਸ਼ਨ ਕਵਰੇਜ 1 ਜੁਲਾਈ, 2024 ਤੋਂ ਸ਼ੁਰੂ ਹੋਏਗੀ।

## ਕੀ 1 ਜੁਲਾਈ, 2024 ਤੋਂ ਪਹਿਲਾਂ ਕੋਈ ਸਿਹਤ ਕਵਰੇਜ ਉਪਲਬਧ ਹੈ?

### ਹੋਰ Apple Health ਕਵਰੇਜ

ਜੇ ਤੁਹਾਨੂੰ ਹੁਣੇ ਡਾੱਕਟਰ ਕੋਲ ਜਾਣ ਦੀ ਲੋੜ ਪੈਂਦੀ ਹੈ, ਤਾਂ ਤੁਸੀਂ ਪਤਾ ਲਾਉਣ ਲਈ ਵੇਖ ਸਕਦੇ ਹੋ ਕਿ ਤੁਸੀਂ ਬੱਚਿਆਂ ਲਈ APPLE HEALTH, ਗਰਭ-ਅਵਸਥਾ ਲਈ Apple Health, ਏਲੀਅਨ ਐਮਰਜੈਂਸੀ ਮੈਡੀਕਲ (AEM) ਅਤੇ ਮੈਡੀਕਲ ਦੇਖਭਾਲ ਸੇਵਾਵਾਂ (MCS) ਲਈ ਯੋਗ ਹੋ। ਹੋਰ ਜਾਣਕਾਰੀ ਲਈ hca.wa.gov/apple-health-non-citizens'ਤੇ ਜਾਓ।

### ਪ੍ਰਵਾਸੀਆਂ ਲਈ ਯੋਗ ਸਿਹਤ ਯੋਜਨਾਵਾਂ ਅਤੇ ਕੈਸਕੇਡ ਕੇਅਰ ਬਚਤ ਵਿਕਲਪ

ਇਮੀਗ੍ਰੇਸ਼ਨ ਦੇ ਦਰਜੇ ਦੀ ਪਰਵਾਹ ਕੀਤੇ ਬਿਨਾਂ, ਸਾਰੇ ਵਾਸ਼ਿੰਗਟਨ ਵਾਸੀਆਂ ਕੋਲ ਹੁਣ 2024 ਲਈ ਯੋਗ ਸਿਹਤ ਅਤੇ ਦੰਦਾਂ ਦੇ ਪਲਾਨਾਂ ਦੀ ਖਰੀਦਦਾਰੀ ਕਰਨ ਅਤੇ ਖਰੀਦਣ ਦਾ ਮੌਕਾ ਹੈ। ਪ੍ਰਵਾਸੀ ਸਿਹਤ ਦੇਖਭਾਲ ਅਤੇ ਹੋਰ ਲਾਗਤ ਬਚਾਉਣ ਦੇ ਵਿਕਲਪਾਂ ਬਾਰੇ ਹੋਰ ਜਾਣੋ।

## ਮੈਨੂੰ ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ?

- **ਆੱਨਲਾਈਨ:** hca.wa.gov/ah-expansion |**ਈਮੇਲ:** ahexpansion@hca.wa.gov |**ਫੋਨ:** 1-800-562-3022